# ਓਨਟੈਰੀਓ ਦੀਆਂ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਲਈ ਤਿਆਰ ਹੋ ਜਾਓ!

## ਪ੍ਰੋਵਿੰਸ਼ੀਅਲ ਪਾਰਲੀਮੈਂਟ ਦੇ ਮੈਂਬਰ ਨੂੰ ਚੁਣਨ ਲਈ 27 ਫਰਵਰੀ ਨੂੰ ਜਾਂ ਉਸ ਤੋਂ ਪਹਿਲਾਂ ਆਪਣਾ X ਲਗਾਓ।

### ਕੀ ਤੁਸੀਂ ਵੋਟ ਪਾਉਣ ਦੇ ਯੋਗ ਹੋ?

ਓਨਟੈਰੀਓ ਚੋਣ ਵਿੱਚ ਵੋਟ ਪਾਉਣ ਲਈ, ਤੁਹਾਡੇ ਲਈ ਇਹ ਹੋਣਾ ਲਾਜ਼ਮੀ ਹੈ:

- ਚੋਣ ਵਾਲੇ ਦਿਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ;
- ਇੱਕ ਕੈਨੇਡੀਅਨ ਨਾਗਰਿਕ; ਅਤੇ
- ਓਨਟੈਰੀਓ ਦਾ ਨਿਵਾਸੀ।

### ਵੋਟ ਪਾਉਣ ਲਈ ਰਜਿਸਟਰ ਕਰੋ!

**17 ਫਰਵਰੀ** ਤੱਕ elections.on.ca 'ਤੇ ਵੋਟਰਾਂ ਦੀ ਸੂਚੀ ਵਿੱਚ ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ, ਉਸ ਨੂੰ ਅੱਪਡੇਟ ਕਰੋ ਜਾਂ ਸ਼ਾਮਲ ਕਰੋ। ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ, ਤਾਂ ਕਦੋਂ ਅਤੇ ਕਿੱਥੇ ਵੋਟ ਪਾਉਣ ਬਾਰੇ ਜਾਣਕਾਰੀ ਦੇ ਨਾਲ ਤੁਸੀਂ ਆਪਣਾ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਕਰੋਗੇ।

ਜੇ ਤੁਸੀਂ ਰਜਿਸਟਰਡ ਨਹੀਂ ਹੋ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਵਿਅਕਤੀਗਤ ਤੌਰ 'ਤੇ ਆਪਣੀ ਜਾਣਕਾਰੀ ਸ਼ਾਮਲ ਕਰੋ।

ਯੋਗਤਾ ਅਤੇ ਰਜਿਸਟ੍ਰੀਕਰਣ ਬਾਰੇ ਜਾਣਕਾਰੀ ਲਈ **elections.on.ca** 'ਤੇ ਜਾਓ।

### ਵੋਟਰ ਜਾਣਕਾਰੀ ਕਾਰਡ

ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ, ਤਾਂ ਕਦੋਂ ਅਤੇ ਕਿੱਥੇ ਵੋਟ ਪਾਉਣ ਬਾਰੇ ਜਾਣਕਾਰੀ ਦੇ ਨਾਲ ਤੁਸੀਂ ਆਪਣਾ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਕਰੋਗੇ।

**ਜੇਕਰ ਤੁਹਾਨੂੰ ਵੋਟਰ ਜਾਣਕਾਰੀ ਕਾਰਡ ਨਹੀਂ ਮਿਲਦਾ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ।** ਜਦੋਂ ਤੁਸੀਂ ਵੋਟ ਪਾਉਣ ਲਈ ਜਾਓ ਤਾਂ ਆਪਣੇ ਨਾਮ ਅਤੇ ਮੌਜੂਦਾ ਘਰ ਦੇ ਪਤੇ ਵਾਲੀ ਇੱਕ ਆਈ ਡੀ ਲੈ ਕੇ ਜਾਓ।

ਤੁਹਾਡੇ ਚੋਣ ਜ਼ਿਲ੍ਹੇ ਵਿੱਚ ਮਿਤੀਆਂ ਅਤੇ ਵੋਟਿੰਗ ਸਥਾਨਾਂ ਦੀ ਪੂਰੀ ਸੂਚੀ ਲਈ, elections.on.ca 'ਤੇ ਜਾਓ ਜਾਂ ਇਲੈਕਸ਼ਨਜ਼ ਓਨਟੈਰੀਓ ਐਪ ਨੂੰ ਡਾਊਨਲੋਡ ਕਰੋ।

## <u>ਵੋਟ ਕਰਨ ਲਈ ID</u>

ਕੀ ਤੁਹਾਨੂੰ ਮੇਲ ਵਿੱਚ ਜਾਂ ਇਲੈਕਸ਼ਨਜ਼ ਓਨਟੈਰੀਓ ਐਪ ਦੁਆਰਾ ਤੁਹਾਡਾ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਹੋਇਆ ਹੈ?

- ਹਾਂ—ਆਪਣਾ ਵੋਟਰ ਜਾਣਕਾਰੀ ਕਾਰਡ ਅਤੇ ਇੱਕ ਆਈ ਡੀ ਲੈ ਕੇ ਆਓ ਜਿਸ 'ਤੇ ਤੁਹਾਡੇ ਨਾਮ ਦੀ ਪੁਸ਼ਟੀ ਹੋਵੇ (e.g. ਯੁਟੀਲਿਟੀ ਬਿੱਲ)
- ਨਹੀਂ—ਆਪਣਾ ਵੋਟਰ ਜਾਣਕਾਰੀ ਕਾਰਡ ਅਤੇ ਇੱਕ ਆਈ ਡੀ ਲੈ ਕੇ ਆਓ ਜਿਸ 'ਤੇ ਤੁਹਾਡੇ ਨਾਮ ਅਤੇ ਅਤੇ ਘਰ ਦੇ ਪਤੇ ਦੀ ਪੁਸ਼ਟੀ ਹੋਵੇ (e.g.ਓਨਟਾਰੀਓ ਡ੍ਰਾਇਵਿੰਗ ਲਾਇਸੈਂਸ)

ਸਵੀਕਾਰ ਕੀਤੀਆਂ ਜਾਣ ਵਾਲੀਆਂ ਆਈ ਡੀਜ਼ ਦੀ ਸੂਚੀ ਦੇਖਣ ਲਈ **elections.on.ca/id-requirements** 'ਤੇ ਜਾਓ।

## <u>ਜਲਦੀ ਵੋਟ ਕਰੋ</u>

### ਡਾਕ ਰਾਹੀਂ

- ਡਾਕ ਰਾਹੀਂ ਵੋਟ ਪਾਉਣ ਲਈ votebymail.elections.on.ca 'ਤੇ ਅਪਲਾਈ ਕਰੋ।
- ਇਲੈਕਸ਼ਨਜ਼ ਓਨਟੈਰੀਓ ਨੂੰ ਤੁਹਾਡੀ ਅਰਜ਼ੀ **21 ਫਰਵਰੀ** ਨੂੰ ਸ਼ਾਮ 6 ਵਜੇ (ਈਸਟਰਨ ਸਮੇ) ਤੱਕ ਮਿਲਣੀ ਚਾਹੀਦੀ ਹੈ।
- ਗਿਣੇ ਜਾਣ ਲਈ ਇਲੈਕਸ਼ਨਜ਼ ਓਨਟੈਰੀਓ ਨੂੰ **27 ਫਰਵਰੀ** ਨੂੰ ਸ਼ਾਮ 6 ਵਜੇ (ਈਸਟਰਨ ਸਮੇ) ਤੱਕ ਤੁਹਾਡੀ ਪੂਰੀ ਕੀਤੀ ਹੋਈ ਵੋਟਿੰਗ ਕਿੱਟ ਪ੍ਰਾਪਤ ਹੋ ਜਾਣੀ ਚਾਹੀਦੀ ਹੈ।

### ਤੁਹਾਡੇ ਸਥਾਨਕ ਚੋਣ ਦਫ਼ਤਰ ਵਿੱਚ

- **30 ਜਨਵਰੀ** ਤੋਂ **26 ਫਰਵਰੀ** ਤੱਕ ਸ਼ਾਮ 6 ਵਜੇ(ਈਸਟਰਨ ਸਮੇ) ਤੱਕ ਆਪਣੇ ਸਥਾਨਕ ਚੋਣ ਦਫ਼ਤਰ ਵਿਅਕਤੀਗਤ ਤੌਰ 'ਤੇ ਵੋਟ ਪਾਓ।

### ਅਡਵਾਂਸ ਵੋਟਿੰਗ ਦੇ ਦੌਰਾਨ

- **20 ਤੋਂ 22 ਫਰਵਰੀ** ਤੱਕ.ਆਪਣੇ ਇਲੈਟੋਰਲ ਡਿਸਟ੍ਰਿਕਟ ਦੇ ਕਿਸੇ ਵੀ ਐਡਵਾਂਸ ਵੋਟਿੰਗ ਸਥਾਨ ਤੇ ਸਵੇਰੇ 10 ਵਜੇ ਤੋਂ ਸ਼ਾਮ 8 ਵਜੇ ਤੱਕ (ਈਸਟਰਨ ਸਮੇ), ਵੋਟ ਪਾਓ।

## <u>ਚੋਣਾਂ ਵਾਲੇ ਦਿਨ ਵੋਟਿੰਗ</u>

- **27 ਫਰਵਰੀ** ਨੂੰ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ (ਈਸਟਰਨ ਸਮੇ) ਤੱਕ ਆਪਣੇ ਨਿਰਧਾਰਤ ਵੋਟਿੰਗ ਸਥਾਨ ਵਿਖੇ ਵੋਟ ਪਾਓ।

ਆਪਣੇ ਨਿਰਧਾਰਤ ਵੋਟਿੰਗ ਸਥਾਨ ਆਪਣੇ ਵੋਟਰ ਜਾਣਕਾਰੀ ਕਾਰਡ ਜਾਂ ਇਲੈਕਸ਼ਨਜ਼ ਓਨਟੈਰੀਓ ਐਪ, ਜਾਂ **voterinformationservice.elections.on.ca** 'ਤੇ ਲੱਭੋ

ਜੇ ਤੁਹਾਡੀ ਨਿਰਧਾਰਤ ਵੋਟਿੰਗ ਸਥਾਨ ਪਹੁੰਚਯੋਗ ਨਹੀਂ ਹੈ, ਤਾਂ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਆਪਣੇ ਸਥਾਨਕ ਚੋਣ ਦਫ਼ਤਰ ਨਾਲ ਸੰਪਰਕ ਕਰੋ ਤਾਂ ਜੋ ਤੁਹਾਨੂੰ ਕਿਸੇ ਹੋਰ ਵੋਟਿੰਗ ਸਥਾਨ 'ਤੇ ਤਬਦੀਲ ਕੀਤਾ ਜਾ ਸਕੇ।

## ਪਹੁੰਚਯੋਗਤਾ

ਤੁਸੀਂ **20 ਤੋਂ 22 ਫਰਵਰੀ** ਤੱਕ ਨਿਰਧਾਰਤ ਖੇਤਰ ਦੇ ਐਡਵਾਂਸ ਪੋਲ ਵਿੱਚ, **20 ਤੋਂ 26 ਫਰਵਰੀ** ਤੱਕ ਆਪਣੇ ਸਥਾਨਕ ਚੋਣ ਦਫਤਰ ਵਿੱਚ ਜਾਂ ਚੋਣਾਂ ਵਾਲੇ ਦਿਨ ਅਪੁਆਇੰਟਮੈਂਟ ਨਾਲ ਸਹਾਇਕ ਵੋਟਿੰਗ ਤਕਨਾਲੋਜੀ ਦੀ ਵਰਤੋਂ ਕਰ ਸਕਦੇ ਹੋ।

ਪਹੁੰਚਯੋਗ ਸਾਧਨਾਂ ਅਤੇ ਸੇਵਾਵਾਂ ਦੀ ਪੂਰੀ ਸੂਚੀ ਦੇਖਣ ਲਈ : **elections.on.ca/accessible-voting** 'ਤ ਜਾਓ ਜਾਂ ਫੋਨਕਰੋ 1.888.668.8683 ਜਾਂ ਟੀ ਟੀ ਵਾਈ 1.888.292.2312 ਕਰੋ।

ਬੇਨਤੀ ਕਰਨ 'ਤੇ ਵੋਟਿੰਗ ਬਾਰੇ ਜਾਣਕਾਰੀ ਵਿਕਲਪਕ ਫਾਰਮੈਟਾਂ ਵਿੱਚ ਉਪਲਬਧ ਹੈ।

## ਆਓ ਸਾਡੇ ਨਾਲ ਕੰਮ ਕਰੋ

ਜੇ ਤੁਸੀਂ 16 ਜਾਂ ਇਸ ਤੋਂ ਵੱਧ ਉਮਰ ਦੇ ਹੋ, ਤਾਂ ਤੁਸੀਂ ਚੋਣ ਅਧਿਕਾਰੀ ਵਜੋਂ ਕੰਮ ਕਰਨ ਲਈ ਅਰਜ਼ੀ ਦੇ ਸਕਦੇ ਹੋ। ਸਾਰੀਆਂ ਪਦਵੀਆਂ ਲਈ ਭੁਗਤਾਨ ਕੀਤਾ ਜਾਂਦਾ ਹੈ ਅਤੇ ਸਿਖਲਾਈ ਦਿੱਤੀ ਜਾਂਦੀ ਹੈ।

ਅਪਲਾਈ ਕਰਨ ਲਈ : **jobs.elections.on.ca** 'ਤ ਜਾਓ

## ਸਾਡੇ ਨਾਲ ਸੰਪਰਕ ਕਰੋ

### ਆਪਣੇ ਭਰੋਸੇਯੋਗ ਸਰੋਤ ਤੋਂ ਤੱਥ ਪ੍ਰਾਪਤ ਕਰੋ।

| | |
|---|---|
| ਵੈੱਬਸਾਈਟ: | **elections.on.ca** |
| ਫੋਨ: | **1.888.668.8683** |
| TTY: | **1.888.292.2312** |
| ਈਮੇਲ: | **info@elections.on.ca** |

**@electionson**
**ElectionsON**
**@ElectionsON**

## ਇਲੈਕਸ਼ਨਜ਼ ਓਨਟੈਰੀਓ ਐਪ

ਮਹੱਤਵਪੂਰਨ ਚੋਣ ਜਾਣਕਾਰੀ, ਆਪਣੇ ਵੋਟਰ ਜਾਣਕਾਰੀ ਕਾਰਡ ਦਾ ਡਿਜੀਟਲ ਸੰਸਕਰਣ, ਵੋਟਿੰਗ ਸਥਾਨਾਂ ਦੀ ਪੂਰੀ ਸੂਚੀ, ਅਤੇ ਹੋਰ ਬਹੁਤ ਕੁਝ ਲਈ ਐਪ ਡਾਊਨਲੋਡ ਕਰੋ!